# ਪਿਨੈਕਲ 'ਚ ਹੋਵੇਗਾ ਬ੍ਰੇਕੀ ਥੇਰੇਪੀ ਨਾਲ ਕੈਂਸਰ ਦਾ ਇਲਾਜ

## *ਉੱਤਰ ਭਾਰਤ 'ਚ ਪਹਿਲੀ ਹਾਈ ਡੋਜ਼ ਰੇਟ ਦੀ ਬ੍ਰੇਕੀ ਮਸ਼ੀਨ ਸਥਾਪਿਤ*

ਮੋਹਾਲੀ-ਅਮਰੀਕਾ ਦੇ ਇੱਕ ਮੋਹਰੀ ਕੈਂਸਰ ਇਲਾਜ ਅਦਾਰੇ ਟਵੰਟੀਫਸਟ ਸੈਂਚੁਰੀ ਓਂਕੋਲਾਜੀ ਦੀ ਸਹਾਇਤਾ ਨਾਲ ਆਈਵੀ ਹਸਪਤਾਲ, ਸੈਕਟਰ 71, ਮੋਹਾਲੀ ਦੇ ਬੇਸਮੈਂਟ 'ਚ ਸਥਿੱਤ ਵਿਸ਼ਵਪੱਧਰੀ ਕੈਂਸਰ ਇਲਾਜ ਕੇਂਦਰ ਪਿਨੈਕਲ ਓਂਕੋਲਾਜੀ ਇਟਰਨੈਸ਼ਨਲ 'ਚ ਉੱਤਰ ਭਾਰਤ ਦੀ ਪਹਿਲੀ ਹਾਈ ਡੋਜ਼ ਰੇਟ ਦੀ ਬ੍ਰੇਕੀ ਮਸ਼ੀਨ ਸਥਾਪਿਤ ਕੀਤੀ ਗਈ ਹੈ, ਜਿਸ ਨਾਲ ਕੈਂਸਰ ਦੇ ਇਲਾਜ 'ਚ ਇੱਕ ਨਵੀਂ ਸ਼ੁਰੂਆਤ ਹੋ ਸਕੇਗੀ। ਹਾਲੇ ਤੱਕ ਇਸ ਤਰ੍ਹਾਂ ਦੇ ਇਲਾਜ ਲਈ ਦਿੱਲੀ ਜਾਣਾ ਜ਼ਰੂਰੀ ਹੁੰਦਾ ਸੀ, ਪਰ ਹੁਣ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਆਦਿ ਦੇ ਕੈਂਸਰ ਪੀੜ੍ਹਤਾਂ ਦਾ ਮੋਹਾਲੀ 'ਚ ਹੀ ਵਿਸ਼ਵਪੱਧਰੀ ਇਲਾਜ ਹੋ ਸਕੇਗਾ। ਪਿਨੈਕਲ ਕੈਂਸਰ ਸੈਂਟਰ ਦੇ ਪ੍ਰਸ਼ਾਸਕ ਸ਼੍ਰੀ ਸੀਡੀ ਠਾਕੁਰ ਨੇ ਦੱਸਿਆ ਕਿ ਪਿਨੈਕਲ ਨੂੰ ਈਸੀਐਚਐਸ (ਐਕਸ ਸਰਵਿਸਮੈਨ ਕੰਟਰੀਬਿਊਟਰੀ ਹੈਲਥ ਸਕੀਮ) 'ਚ ਸ਼ਾਮਲ ਕਰ ਲਿਆ ਗਿਆ ਹੈ, ਜਿਸ ਨਾਲ ਸਾਬਕਾ ਸੈਨਿਕਾਂ ਨੂੰ ਕਾਫੀ ਘੱਟ ਖਰਚੇ 'ਚ ਇਲਾਜ ਮਿਲ ਸਕੇਗਾ। ਪਿਨੈਕਲ ਸੈਂਟਰ 'ਚ ਪਹਿਲੀ ਸਟੇਜ ਤੋਂ ਆਖਰੀ ਸਟੇਜ ਤੱਕ ਦੇ ਕੈਂਸਰ ਨੂੰ ਠੀਕ ਕਰਨ ਦੀ ਹਰ ਤਰ੍ਹਾਂ ਦੀਆਂ ਸੁਵਿਧਾਵਾਂ ਮੌਜੂਦ ਹਨ। ਹਾਲ ਹੀ 'ਚ ਇੱਥੇ ਕਰੀਬ ਇੱਕ ਕਰੋੜ ਰੁਪਏ ਦੀ ਲਾਗਤ ਦੀ ਹਾਈ ਡੋਜ਼ ਰੇਟ (ਐਚਡੀਆਰ) ਬ੍ਰੇਕੀ ਥੇਰੇਪੀ ਮਸ਼ੀਨ ਸਥਾਪਿਤ ਕੀਤੀ ਗਈ ਹੈ, ਜਿਹੜੀ ਇਸ ਖੇਤਰ 'ਚ ਹੋਰ ਕਿਤੇ ਨਹੀਂ ਹੈ। ਅਸੀਂ ਕੈਂਸਰ ਦੇ ਇਲਾਜ ਲਈ ਹਾਈ ਡਿਊਲ ਐਨਰਜੀ ਫੋਟੋਨ ਅਤੇ 120 ਐਮਐਲਸੀ ਇਲੈਕਟ੍ਰੋਨਸ ਦੀ ਵਰਤੋਂ ਕਰਦੇ ਹਾਂ। ਪਿਨੈਕਲ ਓਂਕੋਲਾਜੀ ਇਟਰਨੈਸ਼ਨਲ ਦੇ ਸੀਈਓ ਸੈਯਦ ਐਮ ਮੇਹਦੀ ਨੇ ਦੱਸਿਆ, 'ਪਿਨੈਕਲ ਓਂਕੋਲਾਜੀ ਇੰਟਰਨੈਸ਼ਨਲ 'ਚ ਰੇਡੀਏਸ਼ਨ ਯਾਨੀ ਵਿਕਿਰਣ ਥੇਰੇਪੀ ਸਿਸਟਮ ਜਿਹੀ ਅਤਿਅਧੁਨਿਕ ਤਕਨੀਕ ਦੀ ਵਰਤੋਂ ਕੀਤੀ ਜਾ ਰਹੀ ਹੈ। ਨਵੇਂ ਕੇਂਦਰ 'ਚ ਅਨੁਭਵੀ ਅਤੇ ਕੁਸ਼ਲ ਰੇਡੀਏਸ਼ਨ ਕੈਂਸਰ ਮਾਹਿਰ, ਮੈਡੀਕਲ ਕੈਂਸਰ ਮਾਹਿਰ ਅਤੇ ਕੈਂਸਰ ਸਰਜਨ ਹਨ। ਪਿਨੈਕਲ 'ਚ ਬ੍ਰੈਸਟ, ਪ੍ਰੋਸਟੇਟ, ਸਿਰ ਜਾਂ ਗਰਦਨ ਦੇ ਕੈਂਸਰ ਨੂੰ ਠੀਕ ਕੀਤਾ ਜਾਂਦਾ ਹੈ। ਪਿਨੈਕਲ 'ਚ ਅਮਰੀਕਾ ਸਥਿੱਤ ਮਾਹਿਰਾਂ ਦੇ ਸਲਾਹ ਮਸ਼ਵਰੇ ਨਾਲ ਕੈਂਸਰ ਦੇ ਜਟਿਲ ਮਰੀਜ਼ਾਂ ਦਾ ਇਲਾਜ ਹੁੰਦਾ ਹੈ।'

# ਮੰਦ-ਬੁੱਧੀ ਬੱਚਿਆਂ ਲਈ ਬਲਾਕ ਪੱਧਰ ਤੇ ਟ੍ਰੇਨਿੰਗ ਕੈਂਪ ਆਯੋਜਿਤ ਕੀਤੇ ਜਾਣਗੇ

ਲੁਧਿਆਣਾ-ਜ਼ਿਲਾ ਪ੍ਰਸ਼ਾਸਨ ਵੱਲੋਂ ਜ਼ਿਲੇ ਵਿੱਚ ਮੰਦ-ਬੁੱਧੀ ਬੱਚਿਆਂ ਦੀ ਸ਼ਨਾਖਤ ਕਰਕੇ ਉਹਨਾਂ ਨੂੰ ਡਾਕਟਰੀ ਸਹੂਲਤਾਂ ਪ੍ਰਦਾਨ ਕਰਨ ਲਈ ਜਲਦੀ ਹੀ ਬਲਾਕ ਪੱਧਰ ਤੇ ਟ੍ਰੇਨਿੰਗ ਕੈਂਪ ਆਯੋਜਿਤ ਕੀਤੇ ਜਾਣਗੇ ਤਾਂ ਜੋ ਅਜਿਹੇ ਬੱਚਿਆਂ ਨੂੰ ਸਰਕਾਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਸਕਣ। ਇਹ ਜਾਣਕਾਰੀ ਸ੍ਰੀ ਦਵਿੰਦਰ ਸਿੰਘ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨੇ ਅੱਜ ਉਨ੍ਹਾਂ ਦੇ ਦਫ਼ਤਰ ਵਿਖੇ ਮੰਦ-ਬੁੱਧੀ ਬੱਚਿਆਂ ਦੀ ਬਿਹਤਰੀ ਅਤੇ ਉਨ੍ਹਾਂ ਨੂੰ ਆਤਮ-ਨਿਰਭਰ ਬਨਾਉਣ ਲਈ ਸਮਾਜ ਨੂੰ ਜਾਗਰੂਕ ਕਰਨ ਦੇ ਮੰਤਵ ਨਾਲ ਕੌਮੀ ਟਰੱਸਟ ਤਹਿਤ 'ਆਸ਼ੀਰਵਾਦ' ਵੱਲੋਂ ਆਯੋਜਿਤ ਤਿਮਾਹੀ ਲੋਕਲ ਲੈਵਲ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਦਿੱਤੀ। ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨੇ ਦੱਸਿਆ ਕਿ ਨਿਰਾਮਿਆ ਸਕੀਮ ਤਹਿਤ ਮੰਦ-ਬੁੱਧੀ ਬੱਚਿਆਂ ਨੂੰ ਡਾਕਟਰੀ ਇਲਾਜ ਲਈ 1 ਲੱਖ ਰੁਪਏ ਦੀ ਬੀਮੇ ਦੀ ਸਹੂਲਤ ਦਿੱਤੀ ਜਾਵੇਗੀ ਅਤੇ ਇਹ ਸਕੀਮ 1 ਅਪ੍ਰੈਲ, 2010 ਤੋਂ ਸ਼ੁਰੂ ਹੋਵੇਗੀ। ਉਨ੍ਹਾਂ ਕਿਹਾ ਕਿ ਜਿੰਨਾਂ ਪ੍ਰੀਵਾਰਾਂ ਦੀ ਸਲਾਨਾ ਆਮਦਨ 15 ਹਜ਼ਾਰ ਰੁਪਏ ਤੋਂ ਵੱਧ ਹੋਵੇਗੀ, ਉਨ੍ਹਾਂ ਪ੍ਰੀਵਾਰਾਂ ਨੂੰ ਇਸ ਸਹੂਲਤ ਲਈ ਕੇਵਲ 500/- ਰੁਪਏ ਦੀ ਅਦਾਇਗੀ ਕਰਨੀ ਪਵੇਗੀ। ਉਹਨਾਂ ਕਿਹਾ ਕਿ ਮੰਦ-ਬੁੱਧੀ ਬੱਚੇ ਵੀ ਸਮਾਜ ਦਾ ਇੱਕ ਮਹੱਤਵ-ਪੂਰਣ ਅੰਗ ਹਨ ਅਤੇ ਇਹਨਾਂ ਬੱਚਿਆਂ ਨੂੰ ਸਮਾਜ ਤੇ ਕਿਸੇ ਕਿਸਮ ਦਾ ਬੋਝ ਨਹੀਂ ਸਮਝਣਾ ਚਾਹੀਦਾ। ਉਨ੍ਹਾਂ ਕਿਹਾ ਕਿ 18 ਸਾਲ ਦੀ ਉਮਰ ਤੱਕ ਮਾਤਾ-ਪਿਤਾ ਬੱਚੇ ਦੇ ਸਰਪ੍ਰਸਤ ਹੁੰਦੇ ਹਨ ਅਤੇ ਮੰਦ-ਬੁੱਧੀ ਬੱਚਿਆਂ ਨੂੰ 18 ਸਾਲ ਦੀ ਉਮਰ ਉਪਰੰਤ ਵੀ ਉਹਨਾਂ ਦੇ ਉਚਿਤ ਫ਼ੈਸਲਿਆਂ ਲਈ ਸਰਪ੍ਰਸਤ ਦਾ ਅਹਿਮ ਰੋਲ ਹੁੰਦਾ ਹੈ। ਉਨ੍ਹਾਂ ਕਿਹਾ ਕਿ ਮੰਦ-ਬੁੱਧੀ ਬੱਚਿਆਂ ਵਿੱਚ ਛੁਪੇ ਗੁਣਾਂ ਨੂੰ ਉਭਾਰ ਕੇ ਉਹਨਾਂ ਨੂੰ ਨਿਖਾਰਨ ਦੀ ਲੋੜ ਹੁੰਦੀ ਹੈ ਤਾਂ ਕਿ ਉਹ ਬੱਚੇ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋ ਕੇ ਸਮਾਜ ਵਿੱਚ ਸਨਮਾਨਯੋਗ ਜੀਵਨ ਬਤੀਤ ਕਰ ਸਕਣ। ਉਨ੍ਹਾਂ ਕਿਹਾ ਕਿ ਸਾਨੂੰ ਅਜਿਹੇ ਬੱਚਿਆਂ ਦੇ ਮੁੜ ਵਸੇਬੇ ਲਈ ਭਰਪੂਰ ਹੰਭਲਾ ਮਾਰਨ ਦੀ ਲੋੜ ਹੈ ਤਾਂ ਜੋ ਇਹ ਬੱਚੇ ਕਿਸੇ ਕਿਸਮ ਦੀ ਹੀਣ-ਭਾਵਨਾ ਦਾ ਸ਼ਿਕਾਰ ਨਾ ਹੋਣ ਅਤੇ ਉਹਨਾਂ ਵਿੱਚ ਆਤਮ-ਵਿਸ਼ਵਾਸ਼ ਦੀ ਭਾਵਨਾ ਪੈਦਾ ਹੋਵੇ।ਉਨ੍ਹਾਂ ਕਿਹਾ ਕਿ ਸਿਹਤ ਵਿਭਾਗ, ਆਸ਼ੀਰਵਾਦ, ਭਾਰਤੀ ਵਿਕਾਸ ਪ੍ਰੀਸ਼ਦ ਜਿਹੀਆਂ ਸਵੈ-ਸੇਵੀ ਸੰਸਥਾਵਾਂ ਅਤੇ ਹੋਰ ਬਹੁਤ ਸਾਰੀਆਂ ਏਜੰਸੀਆਂ ਮੰਦ-ਬੁੱਧੀ ਬੱਚਿਆਂ ਦੀ ਭਲਾਈ ਲਈ ਮਹੱਤਵ-ਪੂਰਣ ਯੋਗਦਾਨ ਪਾ ਰਹੀਆਂ ਹਨ। ਡਾ: ਨੀਲਮ ਸੋਢੀਆ ਡਾਇਰੈਕਟਰ ਆਸ਼ੀਰਵਾਦ ਨੇ ਦੱਸਿਆ ਕਿ ਮੰਦ-ਬੁੱਧੀ ਬੱਚਿਆਂ ਦੇ ਮਾਤਾ-ਪਿਤਾ ਦਾ ਇਹ ਮੁੱਢਲਾ ਫ਼ਰਜ਼ ਬਣਦਾ ਹੈ ਕਿ ਉਹ ਅਜਿਹੇ ਬੱਚਿਆਂ ਵਿੱਚ ਮੰਦ-ਬੁੱਧੀ ਦੇ ਕਾਰਣ ਦੀ ਪੜਤਾਲ ਕਰਕੇ ਅਤੇ ਉਹਨਾਂ ਨੂੰ ਡਾਕਟਰੀ ਅਤੇ ਸਿੱਖਿਆ ਆਦਿ ਸਹੂਲਤਾਂ ਪ੍ਰਦਾਨ ਕਰਕੇ ਸਮਾਜ ਦੇ ਚੰਗੇ ਨਾਗਰਿਕ ਬਨਾਉਣ ਲਈ ਬਣਦਾ ਯੋਗਦਾਨ ਅਦਾ ਕਰਨ। ਉਨ੍ਹਾਂ ਕਿਹਾ ਕਿ ਕੌਮੀ ਟ੍ਰਸਟ ਐਕਟ ਤਹਿਤ ਇਹਨਾਂ ਬੱਚਿਆਂ ਦੇ ਹਿੱਤਾਂ ਲਈ ਕੰਮ ਕੀਤਾ ਜਾਂਦਾ ਹੈ। ਮੀਟਿੰਗ ਵਿੱਚ ਸ੍ਰੀ ਯਸ਼ਪਾਲ ਮਹਿਤਾ ਸਹਾਇਕ ਸਿਵਲ ਸਰਜਨ ਲੁਧਿਆਣਾ ਵੀ ਹਾਜ਼ਰ ਸਨ।

# ਵੱਡਿਆਂ ਘਰਾਂ ਦੇ ਕਾਕੇ ਜੂਆ ਖੇਡਦੇ ਕਾਬੂ

ਜੈਤੋ-ਬੀਤੀ ਰਾਤ ਸਥਾਨਕ ਪੁਲਿਸ ਨੇ ਵੱਡਿਆਂ ਘਰਾਂ ਦਿਆਂ ਕਾਕਿਆਂ ਨੂੰ ਜੂਆ ਖੇਡਦਿਆਂ ਰੰਗੇ ਹੱਥੀ ਕਾਬੂ ਕਰ ਲੈਣ ਦਾ ਸਮਾਚਾਰ ਮਿਲਿਆ ਹੈ। ਮੌਕੇ 'ਤੇ ਜਾ ਕੇ ਇੱਕਤਰ ਕੀਤੀ ਜਾਣਕਾਰੀ ਅਨੁਸਾਰ ਸ਼ਾਮ 7 ਵਜੇ ਦੇ ਕਰੀਬ ਏ ਐਸ ਆਈ ਦਲਜੀਤ ਸਿੰਘ ਨੇ ਜੈਤੋਂ ਬਾਜ਼ਾਰ ਅੰਦਰ ਪੁਲਿਸ ਪਾਰਟੀ ਸਮੇਤ ਅਚਾਨਕ ਰੇਡ ਮਾਰ ਦਿੱਤੀ ਜਿਸ ਨਾਲ ਪੂਰੇ ਸ਼ਹਿਰ ਅੰਦਰ ਭਗਦੜ ਮੱਚ ਗਈ ਅਤੇ ਪੁਲਿਸ ਨੇ ਜਰਨੈਲ ਸਿੰਘ ਘੁਲਿਆਣੀ ਪੁੱਤਰ ਜੋਗਿੰਦਰ ਸਿੰਘ ਘੁਲਿਆਣੀ, ਸ਼ਾਮ ਲਾਲ ਪੁੱਤਰ ਹੇਮ ਰਾਜ, ਕਾਲਾ ਪੁੱਤਰ ਪ੍ਰਿਥੀ ਚੰਦ, ਅਸ਼ੋਕ ਕੁਮਾਰ ਪੁੱਤਰ ਸ਼ਿਵ ਲਾਲ, ਕ੍ਰਿਸ਼ਨ ਕੁਮਾਰ ਮੰਗਤ ਰਾਮ, ਬਸੰਤ ਲਾਲ ਪੁੱਤਰ ਮੇਹਰ ਲਾਲ, ਹਰਮੇਸ਼ ਕੁਮਾਰ ਪੁੱਤਰ ਮਿੱਠੂ ਰਾਮ, ਨੂੰ 26 ਹਜ਼ਾਰ ਦੋ ਸੌ ਰੁਪਏ ਸਮੇਤ ਰੰਗੇ ਹੱਥੀ ਕਾਬੂ ਕਰਕੇ ਗ੍ਰਿਫ਼ਤਾਰ ਕਰ ਕੇ ਪੁਲਿਸ ਸਟੇਸ਼ਨ ਲਿਆਂਦਾ ਗਿਆ ਤਾਂ ਵੱਡਿਆਂ ਘਰਾਂ ਦਾ ਮਾਮਲਾ ਹੋਣ ਕਰਕੇ ਸਿਆਸੀ ਲੀਡਰਾਂ ਦੇ ਫੋਨ ਆਉਣੇ ਸ਼ੁਰੂ ਹੋ ਗਏ।

ਦੂਸਰੇ ਪਾਸੇ ਸਾਰਾ ਹੀ ਸ਼ਹਿਰ ਪੁਲਿਸ ਦੀ ਇਸ ਕਾਰਗੁਜ਼ਾਰੀ ਦੀ ਪ੍ਰਸੰਸਾ ਕਰ ਰਿਹਾ ਸੀ ਅਤੇ ਉਧਰ ਪੁਲਿਸ ਉਪਰ ਐਨਾ ਸਿਆਸੀ ਦਬਾਅ ਪੈ ਗਿਆ ਕਿ ਪੁਲਿਸ ਨਾ ਹੀ ਤਾਂ ਮੁਜਰਿਮਾਂ ਨੂੰ ਛੱਡ ਸਕਦੀ ਸੀ ਅਤੇ ਨਾ ਹੀ ਪਰਚਾ ਦਰਜ ਕਰ ਸਕਦੀ ਸੀ ਅਤੇ ਪੁਲਿਸ ਦੀ ਸਥਿਤੀ ਉਸ ਸਮੇ ਸੱਪ ਦੇ ਮੂੰਹ ਅੰਦਰ ਕੋਹੜ ਕਿਰਲੀ ਵਾਲੀ ਬਣ ਗਈ। ਆਖਿਰਕਾਰ ਪੁਲਿਸ ਨੇ ਸਿਆਸੀ ਦਬਾਅ ਦੇ ਚਲਦਿਆਂ ਪਰਚਾ ਨਾਂ ਦਰਜ ਕਰਦੇ ਹੋਏ ਮਾਮੂਲੀ ਮੁਚਲਕਾ ਭਰ ਕੇ ਚੇਤਾਵਨੀ ਦੇ ਕੇ ਛੱਡਣ ਵਿੱਚ ਹੀ ਭਲਾਈ ਸਮਝੀ। ਜਦ ਪੱਤਰਕਾਰ ਵੀ ਇਸ ਮਾਮਲੇ ਦੀ ਜਾਣਕਾਰੀ ਲੈਣ ਥਾਣੇ ਅੰਦਰ ਪਹੁੰਚੇ ਤਾਂ ਐਸ ਐਚ ਓ ਜਸਵਰਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਚੇਤਾਵਨੀ ਦੇ ਕੇ ਜੂਏਬਾਜ਼ਾਂ ਨੂੰ ਛੱਡ ਦਿੱਤਾ ਗਿਆ ਹੈ। ਪੁਲਿਸ ਦੀ ਇਸ ਕਾਰਗੁਜ਼ਾਰੀ ਤੇ ਪ੍ਰਸ਼ਨ ਚਿੰਨ ਲੱਗ ਗਿਆ ਹੈ। ਜ਼ਿਕਰਯੋਗ ਹੈ ਕਿ ਪੂਰੇ ਸ਼ਹਿਰ ਅੰਦਰ ਹਰ ਰੋਜ਼ ਲੱਖਾਂ ਦਾ ਜੂਆ ਖੇਡਿਆ ਜਾਂਦਾ ਹੈ ਪਰ ਪੁਲਿਸ ਵੱਲੋਂ ਕੋਈ ਕਾਰਵਾਈ ਨਾ ਕਰਨ ਕਰਕੇ ਇਨ੍ਹਾਂ ਜੂਏਬਾਜ਼ਾਂ ਦੇ ਹੌਸਲੇ ਦਿਨ ਬ ਦਿਨ ਵੱਧਦੇ ਹੀ ਜਾ ਰਹੇ ਹਨ।

# ਸਮਾਜਿਕ ਬੁਰਾਈਆਂ ਵਿਰੁੱਧ ਤਰਕਸ਼ੀਲ ਮੇਲਾ

ਮੁਕਤਸਰ ਸਾਹਿਬ-ਇੱਕ ਤਰਕਸ਼ੀਲ ਮੇਲਾ ਪਿੰਡ ਥਾਂਦੇਵਾਲਾ ਦੀ ਦਾਣਾ ਮੰਡੀ ਵਿਖੇ ਤਰਕਸ਼ੀਲ ਸੁਸਾਇਟੀ ਦੇ ਸੂਬਾ ਪ੍ਰਧਾਨ ਮੇਘ ਰਾਜ ਰੱਲਾ ਦੀ ਅਗਵਾਈ ਵਿਚ ਕਰਵਾਇਆ ਗਿਆ। ਇਸ ਮੌਕੇ ਭਰੂਣ ਹੱਤਿਆ, ਵਹਿਮਾਂ ਭਰਮਾਂ ਖਿਲਾਫ਼ ਵਿਚਾਰ ਪੇਸ਼ ਕਰਦਿਆਂ ਲੋਕਾਂ ਨੂੰ ਜਾਗਰੂਕ ਕੀਤਾ। ਇਸ ਮੌਕੇ ਲੋਕ ਕਲਾ ਮੰਚ ਜੀਰਾ ਵੱਲੋਂ ਦੋ ਭਾਵਪੂਰਤ ਕੋਰਿਓਗ੍ਰਾਫ਼ੀਆਂ 'ਨਾ ਕੁੱਖ ਵਿਚ ਕਤਲ ਕਰਾ' ਅਤੇ 'ਤੇਰੇ ਸਿਰ ਤਾਂ ਨਹੀਂ ਕਰਜ਼ੇ ਦਾ ਭਾਰ ਬਾਬਲਾ' ਪੇਸ਼ ਕੀਤੀਆਂ ਜਿਨ੍ਹਾਂ ਨੇ ਸਾਰਿਆਂ ਦੀਆਂ ਅੱਖਾਂ ਨਮ ਕਰ ਦਿੱਤੀਆਂ। ਲੋਕ ਕਲਾ ਮੰਚ ਮੁੱਲਾਂਪੁਰ ਵੱਲੋਂ ਨਾਟਕ 'ਪਰੇਤ' ਜੋ ਕਿ ਇੱਕ ਸੱਚੀ ਕਹਾਣੀ 'ਤੇ ਅਧਾਰਿਤ ਹੈ ਅਤੇ ਕੋਰਿਓਗ੍ਰਾਫੀ 'ਬੂਟ ਪਾਲਸ਼ਾਂ ਕਰੀਏ' ਪੇਸ਼ ਕੀਤੇ ਗਏ। ਨਾਟਕ ਪਰੇਤ ਦਾ ਵਿਸ਼ਾ ਮਾਨਸਿਕ ਰੋਗੀਆਂ ਵੱਲੋਂ ਘਰਾਂ ਵਿਚ ਮਾਰੇ ਜਾਂਦੇ ਇੱਟਾਂ ਰੋੜੇ ਅਤੇ ਕੱਪੜੇ ਕੱਟਣ ਜਾਂ ਅੱਗ ਲੱਗਣ ਦੀਆਂ ਘਟਨਾਵਾਂ 'ਤੇ ਅਧਾਰਿਤ ਸੀ। ਸੁਸਾਇਟੀ ਦੇ ਜ਼ਿਲ੍ਹਾ ਪ੍ਰਧਾਨ ਜਸਬੀਰ ਜੱਸੀ ਨੇ ਲੋਕਾਂ ਨੂੰ ਵਹਿਮਾਂ ਭਰਮਾਂ ਤੋਂ ਬਚਣ ਅਤੇ ਵਿਗਿਆਨਕ ਸੋਚ ਅਪਨਾਉਣ ਦੀ ਅਪੀਲ ਕੀਤੀ। ਲਖਵਿੰਦਰ ਹਾਲੀ ਅਤੇ ਉਨ੍ਹਾਂ ਦੀ ਟੀਮ ਵੱਲੋਂ ਜਾਦੂ ਦੇ ਸ਼ੋਅ ਦਿਖਾਏ ਗਏ। ਪਰਮਪਾਲ ਭੁੱਲਰ ਵੱਲੋਂ ਅੱਖਾਂ 'ਤੇ ਪੱਟੀ ਬੰਨ੍ਹ ਕੇ ਪਿੰਡ ਦੀਆਂ ਗਲੀਆਂ ਵਿਚ ਮੋਟਰ ਸਾਈਕਲ ਚਲਾਇਆ ਗਿਆ ਜੋ ਕਿ ਵਿਸ਼ੇਸ਼ ਖਿੱਚ ਦਾ ਕੇਂਦਰ ਸੀ। ਮੰਚ ਸੰਚਾਲਨ ਜਗਪਾਲ ਬਰਾੜ ਨੇ ਕੀਤਾ। ਇਸ ਮੌਕੇ ਸਰਬ ਸਾਂਝੀ ਸੁਧਾਰ ਸਭਾ ਦੇ ਹੁਕਮ ਸਿੰਘ ਕੂੰਮਾ, ਬਲਜੀਤ ਸਿੰਘ, ਹਰਬੰਸ ਸਿੰਘ, ਮਾਸਟਰ ਸਾਧੂ ਸਿੰਘ, ਸਾਹਿਤਕਾਰ ਰਣਜੀਤ ਸਿੰਘ, ਗੁਰਜੰਟ ਸਿੰਘ, ਰਜਿੰਦਰ ਸਿੰਘ ਮਾਸਟਰ, ਪ੍ਰੇਮਜੀਤ ਸਿੰਘ, ਮਾਈ ਭਾਗੋ ਲੱਚਤਰਾ ਵਿਰੋਧੀ ਮੰਚ ਦੇ ਕਨਵੀਨਰ ਸਰਬਜੀਤ ਕੌਰ ਬਰਾੜ ਆਦਿ ਹਾਜ਼ਰ ਸਨ। ਇਸ ਮੌਕੇ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਗਈ।

ਇਸ਼ਤਿਹਾਰ ਦੇਣ ਲਈ
ਸੰਪਰਕ ਕਰੋ :
917-324-6008

# ਹਜ਼ਾਰਾਂ ਆਂਗਣਵਾੜੀ ਵਰਕਰਾਂ ਵੱਲੋਂ ਲੰਬੀ 'ਚ ਬੇਮਿਸਾਲ ਰੋਸ ਰੈਲੀ

ਡੱਬਵਾਲੀ-ਇਹ ਅੱਜ ਕੌਮਾਂਤਰੀ ਮਹਿਲਾ ਦਿਵਸ ਦਾ ਕੌੜਾ ਸੱਚ ਹੈ ਕਿ ਜਿੱਥੇ ਇੱਕ ਅੱਜ ਇਸ ਦਿਹਾੜੇ 'ਤੇ ਦੇਸ਼ ਦੀ ਲੋਕਸਭਾ ਵਿਚ ਔਰਤਾਂ ਨੂੰ ਵੱਧ ਅਧਿਕਾਰ ਦੇਣ ਖਾਤਰ ਮਹਿਲਾ ਰਾਖਵਾਂਕਰਨ ਬਿੱਲ ਨੂੰ ਪਾਸ ਕਰਨ ਲਈ ਬਹਿਸ-ਮੁਬਾਲਤੇ ਜਾਰੀ ਸਨ, ਦੂਜੇ ਉਸੇ ਦੌਰਾਨ ਉਥੇ ਹਜ਼ਾਰਾਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਸਰਕਾਰ ਦੀਆਂ ਲੋਕਮਾਰੂ ਨੀਤੀਆਂ ਤੋਂ ਦੁਖੀ ਹੋ ਕੇ ਆਪਣੀ ਹੱਕੀ ਮੰਗਾਂ ਦੀ ਅਵਾਜ਼ ਸੁੱਤੀ ਪਈ ਰਾਜ ਸਰਕਾਰ ਤੱਕ ਪਹੁੰਚਾਉਣ ਲਈ ਮੁੱਖ ਮੰਤਰੀ ਪੰਜਾਬ ਦੇ ਗ੍ਰਹਿ ਹਲਕੇ ਦੇ ਪਿੰਡ ਲੰਬੀ ਵਿਖੇ ਇੱਕ ਚੌਂਕ 'ਤੇ ਰੈਲੀ ਕਰ ਰਹੀਆਂ ਸਨ।

ਪਿੰਡ ਲੰਬੀ ਵਿਖੇ ਗਿੱਦੜਬਾਹਾ ਸੜਕ ਵਾਲੇ ਚੌਂਕ 'ਤੇ ਪੰਜਾਬ ਭਰ ਤੋਂ ਆਈਆਂ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਦੀ ਵਿਸ਼ਾਲ ਰੈਲੀ ਨੂੰ ਸੰਬੋਧਨ ਕਰਦਿਆਂ ਆਂਗਣਵਾੜੀ ਇੰਪਲਾਈਜ਼ ਫੈਡਰੇਸ਼ਨ ਆਫ ਇੰਡੀਆਂ ਦੀ ਕੌਮੀ ਪ੍ਰਧਾਨ ਸ੍ਰੀਮਤੀ ਹਰਗੋਬਿੰਦ ਕੌਰ ਨੇ ਸਰਕਾਰ ਤੇ ਦੋਸ਼ ਲਾਇਆ ਕਿ ਸ: ਪ੍ਰਕਾਸ਼ ਸਿੰਘ ਬਾਦਲ ਯੂਨੀਅਨ ਦੇ ਵਫਦ ਨਾਲ ਤਿੰਨ ਵਾਰ ਮੀਟਿੰਗਾਂ ਕਰ ਚੁੱਕੇ ਹਨ ਤੇ ਉਨ੍ਹਾਂ ਦੀਆਂ ਮੰਗਾਂ ਮੰਨ ਕੇ ਵੀ ਲਾਗੂ ਨਹੀਂ ਕਰ ਰਹੇ। ਉਨ੍ਹਾਂ ਕਿਹਾ ਕਿ ਆਂਗਣਵਾੜੀ ਵਰਕਰ ਦੇ ਮਾਣ ਭੱਤੇ ਵਿੱਚ 200 ਰੁਪਏ ਤੇ ਹੈਲਪਰ ਦੇ ਮਾਣ ਭੱਤੇ ਵਿੱਚ 100 ਰੁਪਏ ਦਾ ਵਾਧਾ ਸਮੇਤ ਬਕਾਇਆ ਲਾਗੂ ਕੀਤਾ ਜਾਵੇਂ। ਈ. ਟੀ. ਟੀ. ਟੀਚਰ ਅਤੇ ਏ ਐਨ ਐਮ ਦੀ ਭਰਤੀ ਸਮੇਂ ਵਰਕਰਾਂ ਦਾ ਕੋਟਾ ਰਾਖਵਾ ਰੱਖਿਆ ਜਾਵੇਂ। ਆਂਗਣਵਾੜੀ ਸੈਂਟਰਾਂ ਵਿੱਚ ਗੈਸ ਚੁੱਲ੍ਹੇ ਤੇ ਹੋਰ ਲੋੜੀਦਾ ਸਮਾਨ ਮੁਹੱਈਆਂ ਕਰਵਾਇਆ ਜਾਵੇ। ਸੁਪਰਵਾਈਜ਼ਰਾ ਦੀ ਭਰਤੀ ਵਰਕਰਾਂ ਵਿਚੋਂ ਸੀਨੀਅਰਤਾ ਦੇ ਆਧਾਰ ਤੇ ਕੀਤੀ ਜਾਵੇ ਤੇ ਸੁਪਰਵਾਈਜਰਾਂ ਦੀਆਂ ਖਾਲੀ ਪਈਆਂ 400 ਅਸਾਮੀਆਂ ਨੂੰ ਤੁਰੰਤ ਭਰਿਆ ਜਾਵੇ।

ਸ੍ਰੀਮਤੀ ਹਰਗੋਬਿੰਦ ਕੌਰ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਵਿਸਾਖੀ ਤੱਕ ਨਾ ਲਾਗੂ ਨਾ ਕੀਤੀਆਂ ਗਈਆਂ ਤਾਂ ਜਥੇਬੰਦੀ ਵੱਲੋਂ ਸਾਰੇ ਪੰਜਾਬ ਵਿੱਚ ਥਾਂ-ਥਾਂ ਤੇ ਧਰਨੇ ਮੁਜ਼ਾਹਰੇ ਕੀਤੇ ਜਾਣਗੇ ਤੇ ਸੜਕੀ ਆਵਾਜਾਈ ਠੱਪ ਕੀਤੀ ਜਾਵੇਗੀ ਅਤੇ ਮੁੱਖ ਮੰਤਰੀ ਦੇ ਪਿੰਡ ਬਾਦਲ ਵਿਖੇ ਵੱਡੀ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ 21 ਮਾਰਚ ਨੂੰ ਸਮਾਜਕਿ ਸੁਰੱਖਿਆ ਮੰਤਰੀ ਚੌਧਰੀ ਸਵਰਨਾ ਰਾਮ ਦੇ ਸ਼ਹਿਰ ਫਗਵਾੜਾ ਵਿਖੇ ਵੀ ਜਥੇਬੰਦੀ ਵੱਲੋਂ ਵੱਡੀ ਰੋਸ ਰੈਲੀ ਕੀਤੀ ਜਾਵੇਗੀ। ਇਸ ਰੈਲੀ ਦੌਰਾਨ ਪੁਲਿਸ ਨੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਹੋਏ ਸਨ ਤੇ ਯੂਨੀਅਨ ਦੀਆਂ ਆਗੂਆਂ ਕੋਲੋਂ ਤਹਿਸੀਲਦਾਰ ਮਲੋਟ ਮੰਗ ਪੱਤਰ ਲੈਣ ਆਏ ਪਰ ਤਹਿਸੀਲਦਾਰ ਨੂੰ ਆਗੂਆਂ ਨੇ ਮੰਗ ਪੱਤਰ ਨਹੀਂ ਦਿੱਤਾ ਤੇ ਉਹ ਇਸ ਜ਼ਿੱਦ ਤੇ ਅੜੀਆਂ ਰਹੀਆਂ ਕਿ ਘੱਟੋਂ ਘੱਟ ਅਡੀਸ਼ਨਲ ਡਿਪਟੀ ਕਮਿਸ਼ਨਰ ਇਥੇ ਆ ਕੇ ਸਾਡੇ ਕੋਲੋਂ ਮੰਗ ਪੱਤਰ ਲਵੇਂ। ਜਿਸ ਤੋਂ ਬਾਅਦ ਅਡੀਸ਼ਨਲ ਡਿਪਟੀ ਕਮਿਸ਼ਨਰ ਮੁਕਤਸਰ ਸ੍ਰੀ ਦੀਪ੍ਰਵ ਲਾਕਰਾ ਉਥੇ ਪੁੱਜੇ ਤੇ ਉਨ੍ਹਾਂ ਨੇ ਮੰਗ ਪੱਤਰ ਲੈ ਕੇ ਮੈਕ ਵਿੱਚ ਬੋਲ ਕੇ ਇਹ ਵਿਸ਼ਵਾਸ ਦਿਵਾਇਆ ਕਿ ਉਹ ਇਸ ਮੰਗ ਪੱਤਰ ਨੂੰ ਮੁੱਖ ਮੰਤਰੀ ਤੱਕ ਪਹੁੰਚਾਉਣਗੇ ਅਤੇ ਜਦ ਵੀ ਮੁੱਖ ਮੰਤਰੀ ਜ਼ਿਲ੍ਹਾ ਮੁਕਤਸਰ ਵਿਖੇ ਆਉਣਗੇ ਤਾਂ ਆਂਗਣਵਾੜੀ ਯੂਨੀਅਨ ਦੇ ਵਫਦ ਨਾਲ ਉਨ੍ਹਾਂ ਦੀ ਇੱਕ ਮੀਟਿੰਗ ਕਰਵਾਈ ਜਾਵੇਗੀ। ਇਸ ਧਰਨੇ ਦੌਰਾਨ ਸ੍ਰੀਮਤੀ ਸ਼ਿੰਦਰਪਾਲ ਕੌਰ ਥਾਂਦੇਵਾਲਾ, ਬਲਵੀਰ ਕੌਰ ਮਾਨਸਾ, ਦਲਜੀਤ ਕੌਰ ਬਰਨਾਲਾ, ਚਰਿੰਦਰ ਕੌਰ ਝਨੀਰ, ਹਰਮੀਤ ਕੌਰ ਰੁਲਦੂਵਾਲਾ, ਮਹਿੰਦਰ ਕੌਰ ਭਗਤਾ, ਸੁਖਰਾਜ ਕੌਰ ਧਰਮਕੋਟ, ਕ੍ਰਿਸ਼ਨਾ ਦੇਵੀ ਔਲਖ, ਸਿਮਰਜੀਤ ਕੌਰ ਸ਼ੇਰਗੜ, ਕੁਲਦੀਪ ਕੌਰ ਪੰਜਾਵਾ, ਅਮਰਜੀਤ ਕੌਰ ਧੂਰੀ, ਜਸਵੰਤ ਕੌਰ ਭਿੱਖੀ, ਸਤਿੰਦਰ ਕੌਰ ਅਬੋਹਰ ਆਦਿ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਪੁਲਿਸ ਪ੍ਰਸ਼ਾਸਨ ਵੱਲੋਂ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ।

# ਸੁਨਿਆਰੇ ਦੀ ਦੁਕਾਨ ਤੋਂ ਲੱਖਾਂ ਦੇ ਜੇਵਰ ਲੈ ਕੇ ਫਰਾਰ

ਜ਼ੀਰਕਪੁਰ-ਸਥਾਨਕ ਗੋਪਾਲ ਜਵੈਲਰ ਨਾਮਦ ਦੁਕਾਨ ਤੋਂ ਇੱਕ ਨੌਜਵਾਨ ਲੱਖਾਂ ਰੁਪਏ ਦੇ ਸੋਨੇ ਦੇ ਜੇਵਰ ਲੈ ਕੇ ਫਰਾਰ ਹੋ ਗਿਆ। ਜਾਣਕਾਰੀ ਦਿੰਦੇ ਹੋਏ ਰਜੀਵ ਕੁਮਾਰ ਨੇ ਦੱਸਿਆ ਕਿ ਰਾਤ ਕਰੀਬ 8 ਵਜੇ ਇੱਕ ਨੌਜਵਾਨ ਉਨ੍ਹਾਂ ਕੋਲ ਆਇਆ ਅਤੇ ਸੋਨੇ ਦੇ ਜੇਵਰ ਬਣਵਾਉਣ ਦੇ ਬਹਾਨੇ ਜੇਵਰ ਦਿਖਾਉਣ ਲਈ ਕਹਿਣ ਲੱਗਾ। ਜਦੋਂ ਉਹ ਕੜੇ ਦੇਖ ਰਿਹਾ ਸੀ ਤਾਂ ਇੱਕ ਹੋਰ ਗਾਹਕ ਉਨਾਂ ਕੋਲ ਆ ਗਿਆ ਉਨਾਂ ਨਾਲ ਵਿਅਸਤ ਹੁੰਦੇ ਦੇਖ ਕੇ ਉਹ ਨੌਜਵਾਨ ਦੋ ਸੋਨੇ ਦੇ ਕੜੇ ਅਤੇ ਇੱਕ ਸੋਨੇ ਦੀ ਚੂੜੀ ਲੈ ਕੇ ਫਰਾਰ ਹੋ ਗਿਆ। ਚੋਰੀ ਕੀਤੇ ਸਮਾਨ ਦੀ ਕੀਮਤ ਕਰੀਬ 1 ਲੱਖ 35 ਹਜਾਰ ਰੁਪਏ ਹੈ। ਮਾਮਲੇ ਦੀ ਸ਼ਿਕਾਇਤ ਪੁਲਿਸ ਨੂੰ ਦੇ ਦਿੱਤੀ ਗਈ ਹੈ।

